# ਡਰੱਗ ਬਾਰੇ ਜਾਣਕਾਰੀ

## ਇੰਡੀਨਾਵੀਰ (Indinavir) (ਕਰਿਕਸੀਵੈਨ)

### ਮੈਨੂੰ ਇੰਡੀਨਾਵੀਰ (Indinavir) ਦਵਾਈ ਦੇ ਤੌਰ ਤੇ ਕਿਉਂ ਦਿੱਤੀ ਜਾਂਦੀ ਹੈ?

- ਇੰਡੀਨਾਵੀਰ (Indinavir) (**ਨੂੰ ਕਰਿਕਸੀਵੈਨ** ਵੀ ਕਿਹਾ ਜਾਂਦਾ ਹੈ) ਇੱਕ ਅਜਿਹੀ ਦਵਾਈ ਹੁੰਦੀ ਹੈ ਜਿਸ ਨੂੰ HIV (ਹਿਊਮਨ ਇੰਮਿਊਨੁਡੈਫ਼ੀਸ਼ੈਂਸੀ ਵਾਇਰਸ) ਦੀ ਲਾਗ ਦੇ ਇਲਾਜ ਲਈ ਦੂਜੀਆਂ ਦਵਾਈਆਂ ਨਾਲ ਮਿਲਾ ਕੇ ਵਰਤਿਆ ਜਾਂਦਾ ਹੈ।
- ਇੰਡੀਨਾਵੀਰ (Indinavir) "ਪ੍ਰੋਟੀਜ਼" ਨਾਂ ਦੇ ਪ੍ਰੋਟੀਨ ਨੂੰ ਰੋਕ ਪਾਉਂਦੀ ਹੈ। ਇਹ ਦਵਾਈਆਂ ਦੀ ਪ੍ਰੋਟੀਜ਼ ਇੰਨਹਿੱਬਟਰਜ਼ (PI) ਸ਼੍ਰੇਣੀ ਵਿੱਚ ਆਉਂਦੀ ਹੈ। ਏਚ ਆਈ ਵੀ (HIV) ਦੇ ਵਾਇਰਸ ਨੂੰ ਵਧਣ-ਫੁੱਲਣ ਲਈ ਇਸ ਪ੍ਰੋਟੀਨ ਦੀ ਲੋੜ ਹੁੰਦੀ ਹੈ ਇਸ ਲਈ ਇਸ ਉੱਤੇ ਰੋਕ ਪਾ ਕੇ ਦਵਾਈ ਏਚ ਆਈ ਵੀ (HIV) ਦੇ ਵਾਧੇ ਨੂੰ ਮੱਧਮ ਪਾ ਦਿੰਦੀ ਹੈ।
- ਇਹ ਦਵਾਈ ਲੈਣ ਨਾਲ ਤੁਹਾਡੇ ਸਰੀਰ ਅੰਦਰ ਵਾਇਰਸ ਦੀ ਮਾਤਰਾ ਘਟ ਸਕਦੀ ਹੈ। ਇਹ ਏਡਜ਼ ਨਾਲ ਸੰਬੰਧਤ ਬਿਮਾਰੀਆਂ ਤੋਂ ਬਿਮਾਰ ਹੋਣ ਦੇ ਮੌਕੇ ਘਟਾਅ ਦਿੰਦੀ ਹੈ, ਤੁਹਾਨੂੰ ਲੰਮੇਂ ਸਮੇਂ ਲਈ ਤੰਦਰੁਸਤ ਰੱਖਣ ਵਿੱਚ ਜਾਂ ਆਪਣੀ ਸੇਹਤ ਬਹਾਲ ਕਰਨ ਵਿੱਚ ਮਦਦ ਕਰਦੀ ਹੈ। ਤੁਹਾਡੇ ਅੰਦਰ ਬਿਮਾਰੀ ਤੋਂ ਬਚਾਅ ਕਰਨ ਦੇ ਸਿਸਟਮ ਨੂੰ ਨੁਕਸਾਨ ਹੋਣ ਤੋਂ ਬਚਾਉਂਦੀ ਹੈ।

### ਇਹ ਦਵਾਈ ਮੈਨੂੰ ਕਿਵੇਂ ਲੈਣੀ ਚਾਹੀਦੀ ਹੈ?

- ਇੰਡੀਨਾਵੀਰ (Indinavir) 200 mg ਅਤੇ 400 mg ਕੈਪਸੂਲਾਂ ਦੇ ਰੂਪ ਵਿੱਚ ਮਿਲਦੀ ਹੈ।
- ਇੰਡੀਨਾਵੀਰ (Indinavir) ਦੀ ਆਮ ਖ਼ੁਰਾਕ 800 mg ਹਰ 8 ਘੰਟੇ ਪਿੱਛੋਂ ਲੈਣੀ ਹੁੰਦੀ ਹੈ। ਵੱਖਰੀ ਸ਼ਕਤੀ ਵਾਲੀ (ਦਵਾਈ ਦੀ) ਖ਼ੁਰਾਕ ਵੀ ਵਰਤੀ ਜਾ ਸਕਦੀ ਹੈ ਪਰ ਇਸ ਦਾ ਨਿਰਭਰ ਉਨ੍ਹਾਂ ਦੂਜੀਆਂ ਦਵਾਈਆਂ ਉੱਤੇ ਹੁੰਦਾ ਹੈ ਜੋ ਤੁਸੀਂ ਲੈ ਰਹੇ ਹੋਵੋ।
- ਇੰਡੀਨਾਵੀਰ (Indinavir) ਖ਼ਾਲੀ ਪੇਟ ਲਈ ਜਾਣੀ ਚਾਹੀਦੀ ਹੈ (ਭੋਜਨ ਤੋਂ ਇੱਕ ਘੰਟਾ ਪਹਿਲਾਂ ਜਾਂ ਭੋਜਨ ਤੋਂ 2 ਘੰਟੇ ਪਿੱਛੋਂ)।
- ਇੰਡੀਨਾਵੀਰ (Indinavir) ਨੂੰ ਅਜਿਹੇ ਭੋਜਨ ਨਾਲ ਲੈਣ ਤੋਂ ਪਰਹੇਜ਼ ਕਰੋ ਜਿੰਨ੍ਹਾਂ ਵਿੱਚ ਚਰਬੀ, ਪ੍ਰੋਟੀਨ ਅਤੇ ਕੈਲਰੀਆਂ ਬਹੁਤੀ ਮਾਤਰਾ ਵਿੱਚ ਹੁੰਦੀਆਂ ਹੋਣ। ਇਸ ਤਰ੍ਹਾਂ ਕਰਨ ਨਾਲ ਦਵਾਈ ਘੱਟ ਅਸਰਦਾਇਕ ਬਣ ਜਾਂਦੀ ਹੈ। ਜਦੋਂ ਤੁਸੀਂ ਇੰਡੀਨਾਵੀਰ (ਿਨਦਨਿਅਵਰਿ) ਲੈ ਰਹੇ ਹੋਵੋ ਅਤੇ ਜੇ ਤੁਹਾਨੂੰ ਸੱਚ ਮੁੱਚ ਹੀ ਭੁੱਖ ਲੱਗੀ ਹੋਵੇ ਤਾਂ ਦਵਾਈ ਲੈਣ ਤੋਂ ਪਹਿਲਾਂ ਹਲਕਾ ਜਿਹਾ ਸਨੈਕ (ਮਿਸਾਲ ਵਜੋਂ, ਜੂਸ ਨਾਲ ਖ਼ੁਸ਼ਕ ਟੋਸਟ ਜਾਂ ਸਕਿੱਮ ਮਿਲ਼ਕ ਨਾਲ ਕੋਰਨ ਫ਼ਲੇਕ) ਲੈ ਲਓ।
- ਜਦੋਂ ਤੁਸੀਂ ਇੰਡੀਨਾਵੀਰ (Indinavir) ਲੈ ਰਹੇ ਹੋਵੋ ਤਾਂ ਗੁਰਦੇ ਅੰਦਰ ਪੱਥਰੀ ਬਣਨ ਤੋਂ ਬਚਾਅ ਕਰਨ ਵਾਸਤੇ ਇੱਕ ਦਿਨ ਵਿੱਚ ਘੱਟੋ ਘੱਟ 1.5 ਲੀਟਰ (10 ਗਲਾਸ) ਪਾਣੀ ਦੇ ਪੀਓ। ਜੇ ਮੌਸਮ ਗਰਮ ਹੋਵੇ, ਤੁਸੀ ਵਰਜ਼ਿਸ਼ ਕਰਦੇ ਹੋਵੋ, ਜੇ ਤੁਹਾਨੂੰ ਬੁਖ਼ਾਰ ਵਰਗਾ ਲੱਗਦਾ ਹੋਵੇ ਜਾਂ ਜੇ ਤੁਸੀਂ ਸ਼ਰਾਬ,ਕਾਫ਼ੀ, ਕੋਲਾ ਜਾਂ ਕੈਫ਼ੀਨ ਵਾਲੀ ਚਾਹ ਪੀਂਦੇ ਹੋਵੋ ਤਾਂ ਵਧੇਰੇ ਪਾਣੀ ਪੀਓ।
- ਇੰਡੀਨਾਵੀਰ (Indinavir) ਨੂੰ ਕਮਰੇ ਦੇ ਤਾਪਮਾਨ ਵਿੱਚ ਅਤੇ ਖ਼ੁਸ਼ਕ ਜਗ੍ਹਾ ਸਾਂਭ ਕੇ ਰੱਖਣਾ ਚਾਹੀਦਾ ਹੈ। ਇਸ ਨੂੰ ਉਸੇ ਕਨਟੇਨਰ ਵਿੱਚ ਰੱਖੋ ਜਿਸ ਵਿੱਚ ਇਹ ਆਈ ਹੋਵੇ। ਇਸ ਦਵਾਈ ਨੂੰ ਵਾਸ਼ਰੂਮ ਜਾਂ ਕਿਚਨ ਵਿੱਚ ਨਾ ਰੱਖੋ ਕਿਉਂਕਿ ਨਮੀ ਇਸ ਦਵਾਈ ਦੀ ਅਸਰਦਾਇਕਤਾ ਨੂੰ ਘੱਟ ਕਰ ਸਕਦੀ ਹੈ।
- ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

### ਜੇ ਮੈਂ (ਦਵਾਈ ਦੀ) ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

- ਖੁੰਝ ਗਈ (ਦਵਾਈ ਦੀ) ਖ਼ੁਰਾਕ ਨੂੰ ਜਿੰਨੀ ਛੇਤੀ ਹੋ ਸਕੇ ਲੈ ਲਓ। ਜੇ ਤੁਹਾਡੀ (ਦਵਾਈ ਦੀ) ਅਗਲੀ ਖ਼ੁਰਾਕ ਲੈਣ ਨੂੰ ਦੋ ਘੰਟੇ ਰਹਿੰਦੇ ਹੋਣ ਤਾਂ ਬਾਕਾਇਦਾ ਨੇਮ ਜਾਰੀ ਰੱਖੋ, (ਦਵਾਈ ਦੀ) ਖ਼ੁਰਾਕ ਦੁਗਣੀ ਨਾ ਲਓ।
- ਹੁਣੇ ਹੁਣੇ ਹੋਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ HIV ਵਿਰੁੱਧ ਦਵਾਈਆਂ ਤਾਂ ਹੀ ਕੰਮ ਕਰਦੀਆਂ ਹਨ ਜੇ ਦਵਾਈਆਂ ਨੂੰ ਬਾਕਾਇਦਗੀ ਅਤੇ ਇੱਕਸਾਰਤਾ ਨਾਲ ਲਿਆ ਜਾਂਦਾ ਹੈ। (ਦਵਾਈ ਦੀ) ਖ਼ੁਰਾਕ ਲੈਣੀ ਖੁੰਝਣ ਜਾਂ ਭੁੱਲ ਜਾਣ ਨਾਲ ਦਵਾਈ ਆਪਣੀ ਅਸਰਦਾਇਕਤਾ ਗਵਾ ਲੈਂਦੀ ਹੈ ਕਿਉਂਕਿ ਵਾਇਰਸ ਆਪਣੇ ਆਪ ਬਦਲ ਸਕਦਾ ਹੈ ਅਤੇ ਦਵਾਈ ਨੂੰ ਬੇਅਸਰ ਕਰ ਦਿੰਦਾ ਹੈ।



ASAAP
ALLIANCE FOR SOUTH ASIAN AIDS PREVENTION
www.asaap.ca

CATIE
Canadian AIDS Treatment Information Exchange
Réseau canadien d'info-traitements sida
www.catie.ca

## ਇੰਡੀਨਾਵੀਰ (Indinavir) ਦੇ ਮੰਦੇ ਅਸਰ ਕੀ ਹੁੰਦੇ ਹਨ?

- ਇੰਡੀਨਾਵੀਰ (Indinavir) ਦੇ ਬਹੁਤ ਗੰਭੀਰ ਅਸਰ ਇਹ ਹੁੰਦੇ ਹਨ:
  - ~ ਗੁਰਦੇ ਅੰਦਰ ਪੱਥਰੀ-ਅਲਾਮਤਾਂ ਵਿੱਚ ਪੇਟ ਵਿੱਚ ਦਰਦ ਅਤੇ ਪਿੱਠ ਦਰਦ, ਪਿਸ਼ਾਬ ਕਰਨ ਸਮੇਂ ਪੀੜ ਹੋਣੀ, ਪਿਸ਼ਾਬ ਵਿੱਚ ਖ਼ੂਨ ਆਉਣਾ ਅਤੇ ਬੁਖ਼ਾਰ ਹੋਣਾ ਸ਼ਾਮਲ ਹੋ ਸਕਦਾ ਹੈ। ਦਿਨ ਵਿੱਚ 1.5 ਲੀਟਰ ਪਾਣੀ ਪੀਣ ਨਾਲ ਗੁਰਦੇ ਅੰਦਰ ਪੱਥਰੀ ਬਣਨ ਤੋਂ ਬਚਾਅ ਕਰਨ ਵਿੱਚ ਮਦਦ ਮਿਲਦੀ ਹੈ।
- ਇੰਡੀਨਾਵੀਰ (Indinavir) ਦੇ ਹੋਰ ਮੰਦੇ ਅਸਰਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:
  - ~ ਪੇਟ ਵਿੱਚ ਗੜਬੜ
  - ~ ਕਚਿਆਣ ਆਉਣੀ
  - ~ ਸੁਆਦ ਵਿੱਚ ਤਬਦੀਲੀ
  - ~ ਦਸਤ
  - ~ ਚੱਕਰ ਆਉਣੇ
  - ~ ਖ਼ੁਸ਼ਕ ਚਮੜੀ ਜਾਂ ਛਪਾਕੀ
  - ~ ਥਕਾਵਟ
- ਇੰਡੀਨਾਵੀਰ (Indinavir) ਦੇ ਲੰਮੇਂ ਸਮੇਂ ਲਈ ਪੈਂਦੇ ਮੰਦੇ ਅਸਰਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:
  - ~ ਤੁਹਾਡੇ ਖ਼ੂਨ ਅੰਦਰ ਸ਼ੱਕਰ ਅਤੇ ਚਰਬੀ (ਕਲੈਸਟਰੋਲ, ਟਰਾਈਗਲਾਈਸਰਾਈਡ) ਦੀ ਪੱਧਰ ਵਿੱਚ ਵਾਧਾ ਹੋਣਾ
  - ~ ਤੁਹਾਡੇ ਸਰੀਰ ਵਿੱਚ ਚਰਬੀ ਦੀ ਅਸਧਾਰਨ ਵੰਡ (ਕਮਰ ਅਤੇ ਛਾਤੀ ਦੇ ਆਕਾਰ ਵਿੱਚ ਵਾਧਾ ਅਤੇ ਚੇਹਰੇ,ਬਾਹਾਂ ਅਤੇ ਲੱਤਾਂ ਦਾ ਪਤਲਾ ਹੋ ਜਾਣਾ)
- ਜੇ ਤੁਹਾਨੂੰ ਇਹ ਮੰਦੇ ਅਸਰ ਦਿੱਸਣ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗੱਲਬਾਤ ਕਰੋ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਦਵਾਈ ਲੈਣੀ ਬੰਦ ਨਾ ਕਰੋ ਜਾਂ (ਦਵਾਈ ਦੀ) ਖ਼ੁਰਾਕ ਵਿੱਚ ਤਬਦੀਲੀ ਨਾ ਕਰੋ।

## ਕੀ ਮੈਂ ਇੰਡੀਨਾਵੀਰ (Indinavir) ਨੂੰ ਦੂਜੀਆਂ ਦਵਾਈਆਂ ਦੇ ਨਾਲ ਲੈ ਸਕਦਾ ਹਾਂ?

- ਦੂਜੀਆਂ ਦਵਾਈਆਂ ਨਾਲ ਮਿਲ ਕੇ ਇੰਡੀਨਾਵੀਰ (Indinavir) ਦਾ ਅਸਰ ਮਾੜਾ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਅਤੇ ਦਵਾਈ ਫ਼ਰੋਸ਼ ਨੂੰ ਦੱਸੋ ਕਿ ਤੁਸੀਂ ਕਿਹੜੀਆਂ ਦਵਾਈਆਂ ਨੁਸਖ਼ੇ ਨਾਲ ਅਤੇ ਕਿਹੜੀਆਂ ਬਿਨਾ ਨੁਸਖ਼ੇ (ਸਮੇਤ ਵਿਟਾਮਿਨ ਅਤੇ ਜੜੀਆਂ-ਬੂਟੀਆਂ ਦੇ) ਤੋਂ ਲੈ ਰਹੇ ਹੋ।
- ਇੰਡੀਨਾਵੀਰ (Indinavir) ਨੂੰ ਹੇਠ ਦਰਜ ਦਵਾਈਆਂ ਨਾਲ ਨਹੀਂ ਲੈਣਾ ਚਾਹੀਦਾ:
  - ~ ਹੈਲਸੀਅਨ (ਟ੍ਰੀਆਜ਼ੋਲੈਮ)
  - ~ ਵਰਸੈਡ (ਮੀਡਾਜ਼ੋਲਮ)
  - ~ ਰਿਫ਼ਾਮਪਿੰਨ
  - ~ ਹਿਸਮਨਾਲ (ਐਸਟਮਿਜ਼ੋਲ)
  - ~ ਸੈਲਡੇਨ (ਟੈਰਫ਼ੈਨਡੀਨ)
  - ~ ਪ੍ਰੋਪੁਲਸਿਡ (ਸੀਸਾਪਰਾਈਡ)
- ਇੰਡੀਨਾਵੀਰ (Indinavir) ਅਤੇ ਦਦੀ ਨੂੰ ਇੱਕ ਦੂਜੇ ਤੋਂ ਘੱਟੋ ਘੱਟ ਇੱਕ ਘੰਟੇ ਦੇ ਫ਼ਰਕ ਨਾਲ ਲੈਣਾ ਚਾਹੀਦਾ ਹੈ।
- ਜੇ ਤੁਸੀਂ ਇੰਡੀਨਾਵੀਰ (Indinavir) ਹੇਠ ਦਰਜ ਦਵਾਈਆਂ ਵਿੱਚੋਂ ਕਿਸੇ ਇੱਕ ਦੇ ਨਾਲ ਲੈ ਰਹੇ ਹੋਵੋ, ਤਾਂ ਇੰਡੀਨਾਵੀਰ (Indinavir) ਦੀ ਖ਼ੁਰਾਕ ਨੂੰ ਵੱਧ-ਘੱਟ ਕਰਨਾ ਪਵੇਗਾ:
  - ~ ਸਸਟੀਵਾ (ਐਫ਼ਾਵਰੈਂਜ਼)
  - ~ ਵਿਰਾਮਿਊਨ (ਨਵੈਰਾਪੀਨ)
  - ~ ਨਿਜ਼ੋਰਲ (ਕੀਟੋਸਾਨਾਜ਼ੋਲ)
  - ~ ਮਾਈਕੋਬਿਊਟਿਨ (ਰਿਫ਼ਾਬਿਊਟਿਨ)

## ਕੀ ਮੈਂ ਇੰਡੀਨਾਵੀਰ (Indinavir) ਨੂੰ ਸ਼ਰਾਬ ਜਾਂ ਬਜ਼ਾਰੂ ਡਰੱਗਾਂ ਦੇ ਨਾਲ ਲੈ ਸਕਦਾ ਹਾਂ?

- ਜੇ ਤੁਸੀਂ ਇੰਡੀਨਾਵੀਰ (Indinavir) ਲੈ ਰਹੇ ਹੋਵੋ ਤਾਂ ਸ਼ਰਾਬ ਦੀ ਵਰਤੋਂ ਘਟਾਅ ਦਿਓ। ਸ਼ਰਾਬ ਨਾਲ ਤੁਹਾਡੇ ਅੰਦਰੋਂ ਪਾਣੀ ਖ਼ਤਮ ਹੁੰਦਾ ਹੈ ਅਤੇ ਗੁਰਦੇ ਦੀ ਪੱਥਰੀ ਦੇ ਬਣਨ ਦਾ ਖ਼ਤਰਾ ਵਧ ਜਾਂਦਾ ਹੈ।

- ਇੰਡੀਨਾਵੀਰ (Indinavir) ਅਤੇ ਦੂਜੀਆਂ ਬਜ਼ਾਰੂ ਡਰੱਗਾਂ ਦਾ ਪਰਸਪਰ ਮੰਦਾ ਅਸਰ ਹੋ ਸਕਦਾ ਹੈ। ਜੇ ਤੁਸੀਂ ਬਜ਼ਾਰੂ ਡਰੱਗਾਂ ਲੈ ਰਹੇ ਹੋਵੋ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗੱਲਬਾਤ ਕਰੋ ਉਹ ਤੁਹਾਨੂੰ ਜ਼ਰੂਰੀ ਸਾਵਧਾਨੀ ਵਰਤਣ ਬਾਰੇ ਮਸ਼ਵਰਾ ਦੇ ਸਕਦੇ ਹਨ।

## ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੀ ਸਥਿਤੀ ਵਿੱਚ ਕੀ ਮੈਂ ਇੰਡੀਨਾਵੀਰ (Indinavir) ਲੈ ਸਕਦੀ ਹਾਂ?

- ਜੇ ਤੁਸੀਂ ਗਰਭਵਤੀ ਹੋਵੋ ਅਤੇ ਇੰਡੀਨਾਵੀਰ (Indinavir) ਲੈਣੀ ਚਾਹੁੰਦੇ ਹੋਵੋ ਤਾਂ ਆਪਣੇ ਡਾਕਟਰ ਨਾਲ ਗੱਲਬਾਤ ਕਰੋ।
- ਕਿਉਂਕਿ ਏਚ ਆਈ ਵੀ (HIV) ਦੀ ਬਿਮਾਰੀ ਛਾਤੀ ਦੇ ਦੁੱਧ ਰਾਹੀਂ ਵੀ ਲੱਗ ਸਕਦੀ ਹੈ, ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ HIV (ਏਚ ਆਈ ਵੀ) ਦੀਆਂ ਯਕੀਨੀ ਬਿਮਾਰ ਔਰਤਾਂ ਛਾਤੀ ਦਾ ਦੁੱਧ ਨਾ ਚੁੰਘਾਉਣ।

## ਇੰਡੀਨਾਵੀਰ (Indinavir) ਲੈਣ ਲਗਿਆਂ ਕਿਹੜੀਆਂ ਹੋਰ ਗੱਲਾਂ ਬਾਰੇ ਮੈਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ?

- ਆਪਣੇ ਜਿਗਰ ਅਤੇ ਗੁਰਦੇ ਦੀ ਹਾਲਤ ਅਤੇ ਖ਼ੂਨ ਵਿੱਚ ਸ਼ੱਕਰ ਅਤੇ ਚਰਬੀ ਦੇ ਪੱਧਰ ਨੂੰ ਚੈੱਕ ਕਰਨ ਦੇ ਟੈੱਸਟ ਕਰਵਾਉਣ ਲਈ ਆਪਣੇ ਡਾਕਟਰ ਨੂੰ ਬਾਕਾਇਦਾ ਮਿਲਦੇ ਰਹੋ।
- ਯਕੀਨੀ ਬਣਾਓ ਕਿ ਤੁਹਾਨੂੰ ਦਵਾਈ ਲਗਾਤਾਰ ਮਿਲਦੀ ਰਹੇ।
- ਇੰਡੀਨਾਵੀਰ (Indinavir) ਵਾਇਰਸ ਨੂੰ ਖ਼ਤਮ ਨਹੀਂ ਕਰਦੀ ਜਾਂ ਏਡਜ਼ ਦਾ ਇਲਾਜ ਨਹੀਂ ਕਰਦੀ। ਇਹ ਏਚ ਆਈ ਵੀ (HIV) ਨੂੰ ਲਗਨ ਤੋਂ ਵੀ ਨਹੀਂ ਰੋਕਦੀ, ਸੋ ਯਾਦ ਰੱਖੋ ਕਿ ਸੰਭੋਗ ਕਰਨ ਸਮੇਂ (ਲੇਟੈਕਸ ਕਾਂਡੰਮਜ਼ ਦੀ ਵਰਤੋਂ) ਜਾਂ ਡਰੱਗਾਂ ਵਰਤਦਿਆਂ (ਸਾਫ਼ ਸੂਈਆਂ) ਸਾਵਧਾਨੀ ਵਰਤੋ।




ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org



Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem